ੴ ਸਤਿਗੁਰ ਪ੍ਰਸਾਦਿ ॥

# ਚੌਣਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

## 'ਜਾਗਰਤੀ'

ਸ਼੍ਰੋਮਣੀ ਕਮੇਟੀ ਦੀਆਂ ਚੌਣਾਂ ਵਿਚ ਇਕ ਚੌਣ ਅਧਿਕਾਰੀ ਨੇ ਇਕ ਭਈਏ ਮਤਦਾਤਾ ਨੂੰ ਹਰਿਆਨਗੀ ਕਾਰਣ ਪੁੱਛ ਲਿਆ : ਤੂੰ ਕੇੜੀ ਤਰ੍ਹਾਂ ਦਾ ਸਿੱਖ ਹੈ? ਇਸ ਦੇ ਉੱਤਰ ਵਿਚ ਉਸ ਭਈਏ ਨੇ ਕਹਿਆ : ਜੀ ਮੈਂ ਇੱਛਾਧਾਰੀ ਸਿੱਖ ਹਾਂ !! ਹੁਣ ਆਪਜੀ ਖੁਦ ਹੀ ਅਨੁਮਾਨ ਲਗਾ ਸਕਦੇ ਹੋ ਕਿ ਸੱਤਾਧਾਰੀ ਕਿਸ ਹਦ ਤਕ ਗਿਰ ਕੇ ਧਾਂਧਲੀ ਕਰ ਸਕਦੇ ਹਨ !!

ਪੰਥ ਦੋਖੀ ਪੱਖ, ਰਾਸ਼ਟਰੀਏ ਸੰਗਤ ਦੇ ਰੂਪ ਵਿਚ ਘੁਸ-ਬੈਠ ਕਰਣ ਦਾ ਦਾਓ ਖੇਡਣ ਦੇ ਲਈ ਤਿਆਰ ਖਲੋਤਾ ਹੈ। ਹੁਣ ਸਮਾਂ ਰਹਿੰਦਿਆਂ ਸਾਨੂੰ ਵਡੇ ਧੀਰਜ ਨਾਲ ਵਿਚਾਰ ਕਰਣੀ ਹੋਏਗੀ ਕਿ ਗੁਰ ਮਰਿਆਦਾ ਵਿਚ ਕਿਥੇ ਚੌੜਾਂ ਦੀ ਥਾਂ ਹੈ ਭੀ ਕਿ ਨਹੀਂ? ਜਿਥੋ ਤਕ ਇਤਿਹਾਸ ਸਾਕਸ਼ੀ ਹੈ ਗੁਰੂਜਨਾਂ ਨੇ ਅਪਣੇ ਜੀਵਨ ਕਾਲ ਵਿਚ **'ਤਖਤਿ ਬਹੈ ਤਖਤੈ ਕੀ ਲਾਇਕ'** ਦੇ ਮਹਾਵਾਕ ਅਨੁਸਾਰ ਕਿਸੀ ਯੋਗ ਪੁਰਖ ਦਾ ਚਇਅਨ (Selection) ਹੀ ਕੀਤੀ ਸੀ ਨਾ ਕਿ ਚੋਣ (Election) !!!

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲੇਖਕ : ਜਸਬੀਰ ਸਿੰਘ | Mob. : 09988160484, 623904 5985

Type Setting : Radheshyam Choudhary
Mob. : 098149- 66882

Download Free

# 'ਜਾਗਰਤੀ'

## ਚੋਣਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

### ਭੂਮਿਕਾ

ਵਰਤਮਾਨ ਕਾਲ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਰਾਜਸੀ ਨੇਤਾਵਾਂ ਦੇ ਦਬਾਅ ਦੇ ਕਾਰਣ ਆਪਣੇ ਮੂਲ ਉਦੇਸ਼ ਤੋਂ ਭਟਕ ਗਈ ਹੈ ਅਤੇ ਉਹ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਦੇ ਵੱਲ ਧਿਆਨ ਕੇਂਦਰਿਤ ਨਾ ਕਰਕੇ ਆਪਣੇ ਹਿੱਤਾ ਦੇ ਲਈ ਸੰਘਰਸ਼ਸ਼ੀਲ ਰਹਿੰਦੀ ਹੈ। ਇਸ ਤਰ੍ਹਾਂ ਰਾਜਸੀ ਨੇਤਾਵਾਂ ਨੇ SGPC ਵਰਗੀ ਪਵਿੱਤਰ ਸੰਸਥਾ ਤੇ ਆਪਣੀ ਪਕੜ ਮਜ਼ਬੂਤ ਕਰਕੇ ਉਸ ਨੂੰ ਆਪਣੇ ਹਿੱਤਾਂ ਦੇ ਲਈ, ਉਸ ਦੇ ਸੰਸਾਧਨਾਂ ਦੀ ਦੁਰ ਵਰਤੋਂ ਕਰਨੀ ਸ਼ੁਰੂਕਰ ਦਿੱਤੀ ਹੈ। ਜਿਸ ਕਾਰਣ ਇਹ ਸੰਸਥਾ ਭ੍ਰਿਸ਼ਟਾਚਾਰ ਦੇ ਵੈਣ ਵਿਚ ਹੋਰ ਵਧੇਰੇ ਫਸਦੀ ਜਾ ਰਹੀ ਹੈ। ਫਲਸਰੂਪ ਪੰਜਾਬ ਵਿਚ ਪਤਿਤਪੁਣੇ ਦਾ ਬੋਲ-ਬਾਲਾ ਹੋ ਗਿਆ ਹੈ।

ਗੁਰਮਤਿ ਸਿਧਾਂਤ ਤਾਂ ਇਹ ਸੀ ਕਿ ਰਾਜਨੀਤੀ ਧਰਮ ਦੇ ਅੰਤਰਗਤ ਹੋਣੀ ਚਾਹੀਦੀ ਸੀ ਪਰ ਹੁਣ ਉਲਟੀ ਗੰਗਾ ਵਗ ਰਹੀ ਹੈ ਹੁਣ ਰਾਜਨੀਤੀ ਧਰਮ ਤੇ ਭਾਰੀ ਪੈ ਰਹੀ ਹੈ। ਇਸ ਲਈ ਧਰਮ ਕਿਤੇ ਦਿਖਾਈ ਨਹੀਂ ਦੇਂਦਾ।

ਇਹ ਹੀ ਕਾਰਣ ਹੈ ਕਿ ਪੰਜਾਬ ਹੁਣ ਲੰਬੇ ਸਮੇਂ ਤੋਂ ਡ੍ਰਗ ਮਾਫੀਆਂ ਦਾ ਅਖਾੜਾ ਬਣਿਆ ਹੋਇਆ ਹੈ।

# ‘ਜਾਗਰਤੀ’

## ਚੋਣਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

ਸਿਧਾਂਤਕ ਰੂਪ ਵਿਚ ਲੋਕਤੰਤਰ ਪ੍ਰਣਾਲੀ ਹੀ ਦੁਨੀਆਂ ਦੀ ਸਭ ਤੋਂ ਉੱਤਮ ਪ੍ਰਸ਼ਾਸਨਿਕ ਵਿਧੀ ਮੰਨੀ ਜਾਂਦੀ ਹੈ ਪਰ ਵਿਹਾਰਕ (ਅਸਲੀ) ਰੂਪ ਵਿਚ ਦੁਨੀਆਂ ਦੀ ਸਭ ਤੋਂ ਭ੍ਰਿਸ਼ਟ ਪ੍ਰਣਾਲੀ ਦ੍ਰਿਸ਼ਟੀਗੋਚਰ ਹੁੰਦੀ ਹੈ। ਅਸਲ ਵਿਚ ਜਿੰਨੇ ਆਦਰਸ਼ਕ ਸਿਧਾਂਤ ਇਸ ਪ੍ਰਣਾਲੀ ਦੇ ਕੋਲ ਹਨ, ਕਿਸੇ ਹੋਰ ਪ੍ਰਣਾਲੀ ਦੇ ਕੋਲ ਨਹੀਂ ਪਰ ਇਸ ਦੀ ਚੋਣ ਪ੍ਰਕਿਰਿਆ ਉਨੀਂ ਹੀ ਅਨੈਤਿਕ ਵਿਧੀ-ਵਿਧਾਨ ਨਾਲ ਭਰਪੂਰ, ਭ੍ਰਿਸ਼ਟ ਅਤੇ ਸਦਾਚਾਰ ਤੋਂ ਕੋਹਾਂ ਦੂਰ ਹੈ। ਨਤੀਜੇ ਵਜੋਂ ਬੇਲੋੜੇ ਤੱਤ ਤਾਕਤਵਰ ਹੋ ਜਾਂਦੇ ਹਨ (ਸੱਤਾਧਾਰੀ) ਜਿਨ੍ਹਾਂ ਦਾ ਇੱਕ ਮਾਤਰ ਉਦੇਸ਼ ਜਨਤਾ ਦਾ ਸ਼ੋਸ਼ਣ ਕਰਨਾ ਅਤੇ ਸਰਕਾਰੀ ਖਜ਼ਾਨੇ ਨੂੰ ਘੁਟਾਲੇ ਦੀ ਤਾਕਤ ਨਾਲ ਆਪਣੀ ਤਜੌਰੀ ਵਿਚ ਭਰਨਾ ਅਤੇ ਕੁਰਸੀ ਦੀ ਸ਼ਕੱਤੀ ਦਾ ਨਿੱਜੀ ਸੁਆਰਥਾਂ ਦੇ ਲਈ ਦੁਰਉਪਯੋਗ ਕਰਨਾ, ਹੁੰਦਾ ਹੈ। ਅੱਜ ਹਾਲਾਤ ਇਥੇ ਤੱਕ ਪਹੁੰਚ ਗਏ ਹਨ ਕਿ ਕੋਈ ਵੀ ਉਮੀਦਵਾਰ ਕਿਸੇ ਆਦਰਸ਼, ਪੰਥ ਭਗਤੀ ਯਾ ਸਮਾਜ ਸੇਵਾ ਦੀ ਭਾਵਨਾ ਨਾਲ ਚੋਣ ਨਹੀ ਲੜਦਾ ਬਲਕਿ ਉਸ ਦਾ ਪੂਰਨ ਰੂਪ ਵਿਚ ਉਦੇਸ਼ ਨੇਤਾਗਿਰੀ, ਐਸ਼ ਅਤੇ ਧਨ ਇੱਕਠਾ ਕਰਨਾ ਹੀ ਹੁੰਦਾ ਹੈ। ਇਸ ਲਈ ਉਨ੍ਹਾਂ ਦਾ ਇਹ ਮੰਨਣਾ ਹੈ ਕਿ ਸੱਤਾ ਤੇ ਕਬਜ਼ਾ ਕਰਨ ਲਈ ਕੁਝ ਵੀ ਕੀਤਾ ਜਾ ਸਕਦਾ ਹੈ। ਮਤਲਬ ਇਹ ਹੈ ਕਿ ਉਹ ਆਪਣਾ ਨਾਅਰਾ ਰਖਦੇ ਹਨ ‘ਪਿਆਰ ਅਤੇ ਰਾਜਨੀਤੀ’ ਵਿਚ ਆਚਰਣ-ਹੀਣਤਾ ਦੀ ਸੀਮਾ ਪਾਰ ਕੀਤੀ ਜਾ ਸਕਦੀ ਹੈ। ਭਾਵ ਇਹ ਹੈ ਕਿ ਉਨ੍ਹਾਂ ਲੋਕਾਂ ਲਈ ਨੈਤਿਕਤਾ ਨਾਮ ਦੀ ਕੋਈ ਚੀਜ ਹੁੰਦੀ ਹੀ ਨਹੀਂ।

## (ਨੈਤਿਕ ਕਦਰਾਂ-ਕੀਮਤਾ)

ਜਿਥੇ ਸੱਤਾਧਾਰੀਆਂ ਦਾ ਆਚਰਣ ਅਥਵਾ ਚਰਿਤਰ ਜ਼ੀਰੋ ਹੋਵੇਗਾ ਉਥੇ ਮਨੁੱਖੀ ਕਦਰਾਂ ਕੀਮਤਾਂ ਕਿਥੇ ਰਹਿ ਜਾਂਦੀਆਂ ਹਨ? ਇਸ ਲਈ ‘ਜੈਸਾ ਰਾਜਾ ਤੈਸੀ ਪਰਜਾ’ ਕਹਾਵਤ ਦੇ ਅਨੁਸਾਰ ਸਾਰਾ ਸਮਾਜ ਅਨੈਤਿਕਤਾ ਦੀ ਡੂੰਘੀ ਖਾਈ ਵਿਚ ਡਿੱਗਦਾ ਜਾ ਰਿਹਾ ਹੈ।

ਬਦਕਿਸਮਤੀ ਹੈ ਕਿ ਸਿੱਖਾਂ ਦੀ ਸਭ ਤੋਂ ਉੱਚੀ ਸੰਸਥਾ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਹੀ ਚੋਣ ਪ੍ਰਣਾਲੀ ਅਪਣਾ ਕੇ ਆਪਣੇ ਦੀਵਾਲੀਏ ਪਨ ਦਾ ਪ੍ਰਦਰਸ਼ਨ ਕੀਤਾ ਹੋਇਆ ਹੈ। ਸ਼ਾਇਦ ਇਸੇ ਲਈ ਸਿੱਖ ਸਮਾਜ ਵਿਚ ਗੁਰੂਤੋਂ ਬੇਮੁੱਖ ਹੋਣ ਤੇ ਪਤਿਤਪੁਣੇ ਦੀ ਲਹਿਰ ਵਧਦੀ ਜਾ ਰਹੀ ਹੈ ਕਿਉਂਕਿ ਸਾਡੇ ਚੁਣੇ ਹੋਏ ਪ੍ਰਤੀਨਿਧ ਅਯੋਗ ਅਤੇ ਨਿਕੰਮੇ ਹੁੰਦੇ ਹਨ।

ਇਸ ਚੋਣ ਵਿਧੀ ਦੁਆਰਾ ਆਏ ਦਿਨ ਸਥਾਨਕ ਗੁਰਦੁਆਰਿਆਂ ਵਿਚ ਮਾਇਆ ਅਤੇ ਨੇਤਾਗਿਰੀ ਦੀ ਭੁੱਖ ਦੇ ਕਾਰਣ ਕਈ ਗਲਤ ਸਖਸੀਅਤਾ ਚੋਣ ਲੜਨ ਲਈ ਉਮੀਦਵਾਰ ਬਣ ਜਾਂਦੇ ਹਨ। ਫਿਰ

ਪਵਿੱਤਰ ਧਾਰਮਿਕ ਸਥਾਨ ਨੂੰ ਯੁੱਧ ਭੂਮੀ ਵਿਚ ਬਦਲ ਕੇ ਇੱਕ ਦੂਜੇ ਦੀਆਂ ਪੱਗਾਂ ਉਛਾਲਦੇ ਹਨ। ਇਹ ਭਰਾ-ਮਾਰੂਯੁੱਧ ਕਈ ਵਾਰ ਗੰਭੀਰ ਰੂਪ ਧਾਰਣ ਕਰਕੇ ਪੁਲਿਸ ਕੇਸ ਬਣ ਜਾਂਦਾ ਹੈ ਅਤੇ ਫਿਰ ਮੁਕਦਮੇ ਬਾਜੀ ਸ਼ੁਰੂ ਹੋ ਜਾਂਦੀ ਹੈ, ਇਸ ਤਰ੍ਹਾਂ ਗੁਰੂਘਰ ਦਾ ਧਨ ਵਿਅਰਥ ਵਿਚ ਵਕੀਲਾਂ ਅਤੇ ਅਦਾਲਤਾਂ ਵਿਚ ਨਸ਼ਟ ਕਰ ਦਿੱਤਾ ਜਾਂਦਾ ਹੈ। ਜਦੋਂ ਸੰਗਤ ਇਨ੍ਹਾਂ ਵੱਡੇ ਲੋਕਾਂ ਦੀਆਂ ਕਰਤੂਤਾਂ ਦੇਖਦੀ ਹੈ ਤਾਂ ਉਨ੍ਹਾਂ ਦਾ ਮਨ ਬਹੁਤ ਦੁਖੀ ਹੁੰਦਾ ਹੈ। ਕਈ ਵਾਰ ਤਾਂ ਨੌਜਵਾਨ ਪੀੜ੍ਹੀ ਇਹ ਕਹਿੰਦਿਆਂ ਸੁਣੀ ਜਾਂਦੀ ਹੈ ਕਿ ਗੁਰਦੁਆਰੇ ਰਾਜਨੀਤੀ ਦੇ ਅਖਾੜੇ ਬਣ ਗਏ ਹਨ। ਇਥੇ ਧੜ੍ਹੇ ਬੰਦੀ ਚਲਦੀ ਹੈ ਤਾਂ ਫਿਰ ਇਥੋਂ ਧਰਮ ਨੇ ਤਾਂ ਖਤਮ ਹੋਣਾ ਹੀ ਹੈ। ਇਸ ਲਈ ਅਸੀਂ ਤਾਂ ਗੁਰੂ-ਘਰ ਜਾਣਾ-ਆਉਣਾ ਹੀ ਛੱਡ ਦਿੱਤਾ ਹੈ---- ਆਦਿ !!!

ਹੁਣ ਪ੍ਰਸ਼ਨ ਇਹ ਉੱਠਦਾ ਹੈ ਕਿ ਕੀ ਗੁਰਦੁਆਰਿਆਂ ਵਿਚ ਚੋਣਾਂ ਕਰਵਾਉਣੀਆਂ ਜ਼ਰੂਰੀ ਹਨ? ਕੀ ਦੂਜੇ ਮੱਤਾਂ ਵਾਲੇ ਆਪਣੇ ਸੰਪਰਦਾਇਕ ਪ੍ਰਚਾਰ ਲਈ ਆਪਣੇ ਸੰਸਥਾਨਾਂ ਵਿਚ ਚੋਣਾਂ 'ਮਤ-ਦਾਨ' (ਵੋਟਾਂ) ਕਰਵਾ ਕੇ ਕਰਦੇ ਹਨ? ਜੁਆਬ ਮਿਲੇਗਾ, ਨਹੀਂ ਕੇਵਲ ਅਤੇ ਕੇਵਲ ਇਕੋ ਇੱਕ ਸੰਪਰਦਾਇ ਹੈ, ਉਹ ਹੈ ਸਿੱਖ ਜਿਹੜੇ ਆਪਣੇ ਧਾਰਮਿਕ ਸੰਸਥਾਵਾਂ ਵਿਚ ਚੋਣਾਂ (ਵੋਟਾਂ) ਮਤ-ਦਾਨ ਦੁਆਰਾ ਕਰਦੇ ਹਨ ਜਦਕਿ ਦੂਜੇ ਮੱਤਾਂ ਦੇ ਲੋਕ ਚੋਣਾਂ ਨਾ ਕਰਵਾ ਕੇ ਚਯਨ ਕਰਦੇ ਹਨ, ਅਰਥਾਤ Election ਨਹੀਂ Selection ਜਿਸਦਾ ਸਿੱਧਾ ਅਰਥ ਹੈ ਕਿ ਯੋਗ ਵਿਅਕਤੀ ਨੂੰ ਹੀ ਉੱਚੇ ਅਹੁਦਿਆਂ ਤੇ ਨਿਯੁਕਤ ਕੀਤਾ ਜਾਂਦਾ ਹੈ, ਪਰ ਸਿੱਖਾਂ ਵਿਚ ਅਫਵਾਹਾਂ ਫੈਲਾਈਆਂ ਜਾਂਦੀਆਂ ਹਨ ਕਿ ਚੋਣਾਂ ਪੰਜਾਇਤੀ ਰਿਵਾਇਤੀ ਵਿਧੀ ਹੈ ਅਰਥਾਤ ਪੰਜ ਪਿਆਰਾ ਨਿਯਮਾਂ ਵਲੀ ਹੈ। ਪਰ ਇਹ ਵਿਆਖਿਆ। ਬਿਲਕੁਲ ਗੁੰਮਰਾਹ ਕਰਨ ਵਾਲੀ ਹੈ। ਜਦ ਕਿ ਅਸਲੀਅਤ ਇਸ ਦੇ ਉਲਟ ਇਹ ਹੈ ਕਿ ਗੁਰੂਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ-ਕਾਲ ਵਿਚ ਪੰਜ ਪਿਆਰਿਆਂ ਨੂੰ ਚੁਣਨ ਦਾ ਨਿਯਮ ਦਰਸਾਇਆ ਸੀ ਜੋ ਕਿ Selection ਸੀ ਅਰਥਾਤ ਜੀਵਨ-ਮੌਤ ਦੀ ਸਖਤ ਪ੍ਰੀਖਿਆ ਲਈ ਸੀ, ਜਿਹੜੇ ਉਸ ਸੰਘਰਸ਼ ਵਿਚ ਸਫਲ ਹੋਏ ਉਹੀ ਪੰਜ-ਪਿਆਰੇ ਅਖਵਾਏ। ਭਾਵ ਇਹ ਹੈ ਕਿ ਗੁਰੂਜੀ ਨੇ ਉਨ੍ਹਾਂ ਦੀ ਸਖਤ ਪ੍ਰੀਖਿਆ ਲੈ ਕੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੇ ਰੂਪ ਵਿਚ ਮਨੋਨੀਤ ਕੀਤਾ ਸੀ ਨਾ ਕਿ ਮਤ-ਦਾਨ ਕਰਵਾ ਕੇ ਚੋਣ ਕਰਵਾਈ ਸੀ।

ਹੁਣ ਪ੍ਰਸ਼ਨ ਉੱਠਦਾ ਹੈ ਕਿ ਸਾਡੇ ਇਥੇ ਇਹ ਚੋਣ ਪ੍ਰਣਾਲੀ ਕਿਥੋਂ ਆ ਧਮਕੀ? ਜੁਆਬ ਇਹੀ ਹੈ ਕਿ ਸਾਡੇ ਨੇਤਾ ਜਦੋਂ ਗੁਰਦੁਆਰਾ ਸੁਧਾਰ ਅੰਦੋਲਨ ਤੋਂ ਜਿੱਤ ਪ੍ਰਾਪਤ ਕਰਕੇ ਜੇਲ੍ਹਾਂ ਤੋਂ ਵਾਪਸ ਆਏ ਤਾਂ ਉਨ੍ਹਾਂ ਨੇ ਅੰਗਰੇਜ਼ ਸਰਕਾਰ ਨੂੰ ਮਜ਼ਬੂਰ, ਕੀਤਾ ਕਿ ਉਹ ਗੁਰਦੁਆਰਿਆਂ ਦੇ ਸੰਚਾਲਨ ਲਈ ਇੱਕ ਵਿਸ਼ੇਸ਼ ਕਾਨੂੰਨ ਬਣਾਵੇ। ਜਿਸ ਨੂੰ ਬਾਅਦ ਵਿਚ ਗੁਰਦੁਆਰਾ ਐਕਟ ਦਾ ਨਾਂ ਦਿੱਤਾ ਗਿਆ।

ਜਿਨ੍ਹਾਂ ਦਿਨਾਂ ਵਿਚ ਗੁਰਦੁਆਰਾ ਸੁਧਾਰ ਲਹਿਰ ਦੇ ਅੰਦੋਲਨ ਵਿਚ ਸਿੱਖਾਂ ਨੇ ਵਿਦੇਸ਼ੀ ਸਰਕਾਰ ਨੂੰ ਲੰਬੇ ਸੰਘਰਸ਼ ਦੇ ਬਾਅਦ ਹਰਾਇਆ। ਉਹਨੀ ਦਿਨੀ ਅੰਗਰੇਜ਼ ਲੋਕਤੰਤਰ-ਪ੍ਰਣਾਲੀ ਦਾ ਜ਼ੋਰਾਂ-ਸ਼ੋਰਾਂ ਨਾਲ ਪ੍ਰਚਾਰ ਕਰ ਰਹੇ ਸਨ ਅਤੇ ਭਾਰਤ ਵਿਚ ਵੀ ਕੁਝ ਪ੍ਰਦੇਸ਼ਿਕ ਸਰਕਾਰਾਂ ਇਸੇ ਵਿਧੀ ਅਨੁਸਾਰ ਚੁਣੀਆਂ ਗਈਆਂ ਸਨ। ਆਮ

ਜਨਤਾ ਵਿਚ ਇਸ ਨਿਯਮਾਵਲੀ ਨੂੰ ਪੰਚਾਇਤੀ ਪ੍ਰਣਾਲੀ ਦਾ ਨਾਂ ਦਿੱਤਾ ਜਾ ਰਿਹਾ ਸੀ। ਅਖੀਰ ਇਸ ਦੀ ਥਿਊਰੀ ਬਹੁਤ ਪ੍ਰਭਾਵਸ਼ਾਲੀ ਹੋਣ ਦੇ ਕਾਰਣ ਭੋਲੇਪਨ ਵਿਚ ਸਿੱਖਾਂ ਦੇ ਤੱਤਕਾਲੀਨ ਨੇਤਾਵਾਂ ਨੇ ਇਸ ਨੂੰ ਸਵੀਕਾਰ ਕਰ ਲਿਆ ਅਤੇ ਗੁਰਦੁਆਰਾ ਐਕਟ ਬਣਵਾਉਂਦੇ ਸਮੇਂ ਚੁਣਾਵ ਪ੍ਰਣਾਲੀ ਵਿਚ ਇਸੇ ਵਿਧੀ ਨੂੰ ਸਵੀਕਾਰ ਕਰ ਲਿਆ ਕਿਉਂਕਿ ਉਹ ਲੋਕ ਇਸ ਪ੍ਰਣਾਲੀ ਦੇ ਅਸਲੀ ਸਵਰੂਪ ਨੂੰ ਨਹੀ ਜਾਣਦੇ ਸਨ। ਅਸਲ ਵਿਚ ਉਹ ਨਿਸ਼ਠਾਵਾਨ ਅਤੇ ਸਮਰਪਿਤ ਲੋਕ ਸਨ, ਜੋ ਕਿ ਛਲ-ਕਪਟ ਦੀ ਦੁਨੀਆਂ ਤੋਂ ਕੋਹਾਂ ਦੂਰ ਸਨ। ਇਸ ਲਈ ਉਨ੍ਹਾਂ ਨੂੰ ਇਸ ਪ੍ਰਣਾਲੀ ਦੀ ਉਲਟੀ ਦਿਸ਼ਾ ਅਥਵਾ ਹਨੇਰਾ ਪੱਖ ਦ੍ਰਿਸਟੀਗੋਚਰ ਨਹੀਂ ਹੋਇਆ। ਗੁਰਦੁਆਰਾ ਐਕਟ ਬਣਨ ਤੋਂ ਬਾਅਦ ਜਿਉਂ ਹੀ ਚੋਣਾਂ ਦਾ ਐਲਾਨ ਹੋਇਆ ਤਾਂ ਉਸ ਸਮੇਂ ਸੁਆਰਥੀ ਲੋਕਾਂ ਨੇ ਚੋਣਾਂ ਲੜਨ ਦੀ ਯੋਜਨਾ ਬਣਾਈ। ਜਿਸ ਦਾ ਇੱਕ ਮਾਤਰ ਉਦੇਸ਼ ਨੇਤਾਗਿਰੀ ਕਰਨਾ ਅਤੇ ਗੁਰੂਦੀ ਗੋਲਕ/ਮਾਇਆਂ/ਧਨ ਦਾ ਦੁਰਉਪਯੋਗ ਕਰਨਾ ਅਤੇ ਆਪਣੇ ਸੁਆਰਥਾਂ ਲਈ ਘੁਟਾਲੇ ਕਰਨਾ ਸੀ। ਇਨ੍ਹਾਂ ਲੋਕਾ ਵਿਚੋਂ ਵਧੇਰੇ ਲੋਕ ਸਿੱਖ-ਸਿਧਾਂਤਾਂ ਦਾ ਪੂਰੀ ਤਰ੍ਹਾਂ ਪਾਲਣ ਵੀ ਨਹੀਂ ਕਰਦੇ ਸਨ ਅਥਵਾ ਉਨ੍ਹਾਂ ਨੂੰ ਸਿੱਖ ਸਿਧਾਤਾਂ ਦਾ ਗਿਆਨ ਵੀ ਨਹੀਂ ਸੀ ਅਤੇ ਨਾ ਹੀ ਇਨ੍ਹਾਂ ਵਿਚੋਂ ਕਿਸੇ ਨੇ ਅੰਗਰੇਜ਼ਾਂ ਵਿਰੁੱਧ ਸੰਘਰਸ਼ ਵਿਚ ਹਿੱਸਾ ਲਿਆ ਸੀ। ਉਹ ਤਾਂ ਸਿਰਫ਼ ਤਿਆਰ ਖੇਡ ਵਿਚ ਨਾਇਕ ਬਣਨਾ ਚਾਹੁੰਦੇ ਸਨ। ਹੋਇਆ ਵੀ ਇਸੇ ਤਰ੍ਹਾਂ ਹੀ ਸੁਆਰਥੀ ਲੋਕਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਅਨੈਤਿਕ ਹੱਥ-ਕੰਡੇ ਅਪਨਾ ਕੇ ਲੜੀ ਇਸ ਤਰਾਂ ਓਹ ਲੋਕ ਛਲ ਕਪਟ ਨਾਲ ਇਹ ਚੋਣ ਜਿੱਤ ਗਏ। ਜਦਕਿ ਉਹ ਲੋਕ ਨਹੀਂ ਜਾਣਦੇ ਸਨ ਕਿ SGPC ਵਿਚ ਉਨ੍ਹਾਂ ਦੇ ਕੀ ਫਰਜ਼ ਹਨ। ਉਹ ਤਾਂ ਸਿਰਫ ਇਹੀ ਜਾਣਦੇ ਸਨ ਕਿ ਪ੍ਰਸਿੱਧੀ ਪ੍ਰਾਪਤ ਕਰਨ ਲਈ ਅਤੇ ਵਿਧਾਨ ਸਭਾ ਲੋਕ ਸਭਾ ਦੇ ਚੁਣਾਵ ਜਿੱਤਣ ਦੀ ਇਹ ਪਹਿਲੀ ਪੌੜੀ ਹੈ।

ਅਜਿਹੀ ਲੋਕਾਂ ਦੇ ਇਕੱਠ ਨੂੰ ਵੇਖ ਕੇ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਜੀ ਨੇ ਕਿਹਾ, ਮੈਂਨੇ ਆਪਣੇ ਅਧਿਆਪਕੀ ਜੀਵਨ ਕਾਲ ਵਿਚ ਕਿਸੇ ਵੀ ਸ਼ਰਾਬੀ ਅਧਿਆਪਕ ਨੂੰ ਸਵੀਕਾਰ ਨਹੀਂ ਕੀਤਾ ਸੀ ਜੇਕਰ ਮੈਨੂੰ ਪਤਾ ਲੱਗ ਜਾਦਾ ਕਿ ਅਧਿਆਪਕ ਸ਼ਰਾਬ ਦੀ ਵਰਤੋਂ ਕਰਦਾ ਹੈ ਤਾਂ ਮੈ ਉਸ ਨੂੰ ਸਕੂਲ ਤੋਂ ਕੱਢ ਕੇ ਹੀ ਸਾਹ ਲੈਂਦਾ ਸੀ। ਕਿਉਂਕਿ ਮੈਂ ਇਹ ਸਮਝਦਾ ਹਾਂ ਕਿ ਜਿਹੜਾ ਅਧਿਆਪਕ ਸ਼ਰਾਬ ਪੀਂਦਾ ਹੈ, ਉਹ ਵਿਦਿਆਰਥੀਆਂ ਨੂੰ ਕੀ ਸਿੱਖਿਆ ਦੇਵੇਗਾਂ? ਪਰ ਅੱਜ ਮੈਨੂੰ ਬਹੁੱਤ ਦੁੱਖ ਨਾਲ ਦੱਸਣਾ ਪੈ ਰਿਹਾ ਹੈ ਕਿ ਗੁਰਦੁਆਰਾ ਐਕਟ ਦੇ ਅੰਤਰਗਤ ਸ਼ਰਾਬੀ ਲੌਕ (SGPC) ਦੇ ਮੈਂਬਰਾਂ ਦੇ ਰੂਪ ਵਿਚ ਸਵੀਕਾਰ ਕਰਨੇ ਪੈ ਰਹੇ ਹਨ। ਤਦ ਉਹ ਗੁਰਦੁਆਰਾ ਐਕਟ ਤੇ ਪਛਤਾਵਾ ਕਰਦੇ ਹੋਏਂ ਕਹਿੰਦੇ ਕਿ ਇਹੀ ਸਾਡੀ ਅਧੋਗਤੀ ਦਾ ਕਾਰਣ ਬਣ ਰਹੀਂ ਹੈ। ਕਿਉਂਕਿ ਲੋਕਤੰਤਰ ਪ੍ਰਣਾਲੀ ਵਿਚ ਬਹੁ-ਮੱਤ ਦਾ ਬੋਲ-ਬਾਲਾ ਹੈ, ਬੇਸ਼ਕ ਉਹ ਹਾਲਤ ਹੀ ਹੋਵੇ। ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਸੂਝਵਾਨ ਵਿਅਕਤੀਆਂ ਦੀ ਗਿਣਤੀ ਹਮੇਸ਼ਾ ਘੱਟ ਹੀ ਹੁੰਦੀ ਹੈ। ਇਸ ਦੇ ਉਲਟ ਅਗਿਆਨੀ ਮੱਨੁਖ਼ਾਂ ਦੀ ਸੰਖਿਆ ਕਈ ਗੁਣਾ ਵੱਧ। ਜੇ ਬਹੁ-ਮੱਤ 51% ਭੇਡਾ ਦਾ ਹੈ ਤਾਂ ਉਹ 49% ਸ਼ੇਰਾਂ ਤੇ ਰਾਜ ਕਰ ਸਕਦੀਆਂ ਹਨ ਅਰਥਾਤ ਗਿਆਨ ਦੀ ਨਹੀਂ, ਇਥੇ ਗਿਣਤੀ ਦੀ ਲੋੜ ਹੈ। ਜਦੋਂ ਗਿਆਨ ਦੇ ਥਾਂ ਤੇ ਗਿਣਤੀ ਨੂੰ ਮਹਤੱਵ ਦਿੱਤਾ ਜਾਵੇ ਤਾਂ ਸਮਾਜ ਵਿਚ ਅਨੈਤਿਕਤਾ ਅਤੇ ਭ੍ਰਿਸ਼ਟਾਚਾਰ ਹੀ ਫੈਲੇਗਾ। ਫਲਸਰੂਪ ਅਤਿਆਚਾਰ ਅਤੇ ਅਨਿਆਂ

ਪਰ SGPC ਨੂੰ ਦੂਜਾ ਵੋਟ-ਪੱਤਰ ਜ਼ਰੂਰ ਹੀ ਦੇਣਾ ਹੈ। ਉਨ੍ਹਾਂ ਅਨੁਸਾਰ ਇਕ ਵੋਟ ਪੰਥ ਦਾ ਸਾਡੇ ਕੋਲ ਸੁਰੱਖਿਅਤ ਹੈ, ਜਿਹੜਾਂ ਅਸੀਂ ਸਿਰਫ ਉਨ੍ਹਾਂ ਨੂੰ ਹੀ ਦਿਆਗੇ ਇਸ ਲਈ ਦਲ ਖਾਲਸਾ SGPC ਦੀਆਂ ਚੋਣਾਂ ਵਿਚ ਹਾਰ ਗਿਆ। ਇਸ ਤਰ੍ਹਾਂ ਕੇਂਦਰ ਸਰਕਾਰ ਦੀ ਕੂਟ-ਨੀਤੀ ਅਤੇ ਸਾਜ਼ਿਸ ਦੋਵੇਂ ਹੀ ਬੁਰੀ ਤਰ੍ਹਾਂ ਅਸਫਲ ਹੋ ਕੇ ਹਰਿ ਗਏ। ਪਰ ਹੁਣ ਉਹ ਦੁਬਾਰਾ ਇਸ ਕੁਟਿਲ ਨੀਤੀ ਨੂੰ ਨਵੀਂ ਸਾਜ਼ਿਸ ਦੁਆਰਾ ਪਿਛਲੀ ਭੂੱਲ ਨੂੰ ਸੁਧਾਰ ਕੇ ਨਵਾਂ ਡਰਾਮਾ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਇਸ ਵਾਰ ਸਹਿਜਧਾਰੀ ਸਿੱਖ ਦੇ ਨਾਮ ਤੇ ਨਵੇਂ ਵੋਟਰ ਭਰਤੀ ਕਰਨੇ ਸ਼ੁਰੂਕਰ ਦਿੱਤੇ ਜੋ ਅਸਲ ਵਿਚ ਸਿੱਖ ਨਹੀਂ ਅਤੇ ਨਾ ਹੀ ਸਿੱਖ ਸੰਪਰਦਾਇ ਨਾਲ ਉਨ੍ਹਾਂ ਦਾ ਕੋਈ ਸੰਬੰਧ ਹੈ। ਉਹ ਸਿਰਫ ਇੱਕ ਰਾਜਨੀਤਕ ਹੱਥਕੰਡੇ ਦੇ ਰੂਪ ਵਿਚ ਵੋਟਰ-ਸੂਚੀਆਂ ਵਿਚ ਹੋਣਗੇ ਅਤੇ ਆਪਣੀ ਵੋਟ ਦੀ ਵਰਤੋਂ ਕਠਪੁਤਲੀ ਉਮੀਦਵਾਰ ਦੇ ਹੱਕ ਵਿਚ ਕਰਨਗੇ, ਜਿਸਨਾਲ ਕਠਪੁਤਲੀਆਂ ਦੇ ਜ਼ੋਰ ਤੇ SGPC ਨੂੰ ਪੂਰਨ ਰੂਪ ਵਿਚ ਕਾਬੂਕੀਤਾ ਜਾ ਸਕੇ। ਮਨ-ਮਰਜ਼ੀ ਦੇ ਕੰਮ ਕਰਕੇ ਸਿੱਖ ਪੰਥ ਨੂੰ ਅੰਨ੍ਹੇ ਖੂਹ ਵਿਚ ਸੁੱਟਿਆ ਜਾ ਸਕੇ। ਇਸ ਤਰ੍ਹਾਂ ਸਿੱਖਾਂ ਦੀ ਆਵਾਜ਼ ਸਦਾ ਦੇ ਲਈ ਖਤਮ ਕਰ ਦਿੱਤੀ ਜਾਵੇ, ਪਰ ਸਿੱਖ ਪੰਥ ਆਉਣ ਵਾਲੇ ਖਤਰੇ ਤੋਂ ਸਾਵਧਾਨ ਹੈ ਅਤੇ ਉਹ ਅਜਿਹੀਆਂ ਸਾਜ਼ਿਸਾਂ ਨੂੰ ਸਫਲ ਨਹੀਂ ਹੋਣ ਦੇਣਗੇ।

ਸ਼ਹਿਦ ਤੁਹਾਨੂੰ ਯਾਦ ਹੋਵੇਗਾ ਕਿ ਸੰਨ 1984 ਵਿੱਚ 'ਸਰਬਤ ਖਾਲਸਾ' ਸੰਮੇਲਨ, ਸਿੱਖ ਪੰਥ ਦੁਆਰਾ ਬੁਲਾਇਆ ਗਿਆ ਸੀ। ਉਸ ਦੇ ਮੁਕਾਬਲੇ ਸਮਾਨੰਤਰ ਰੂਪ ਵਿਚ ਸਰਕਾਰੀ ਧਿਰ ਨੇ ਮੁੱਖੀ ਮੰਤਰੀ ਹਰਿਆਣਾ 'ਭਜਨ ਲਾਲ' ਦੀ ਅਗਵਾਈ ਵਿਚ ਇੱਕ 'ਸਰਬਤ ਖਾਲਸਾ' ਸੰਮੇਲਨ ਦੀ ਨਕਲ ਦੇ ਰੂਪ ਵਿਚ, ਅੰਮ੍ਰਿਤਸਰ ਸ਼ਹਿਰ ਵਿਚ ਇੱਕ ਸਮਾਗਮ ਦਾ ਪ੍ਰਬੰਧ ਕੀਤਾ, ਜਿਸ ਵਿਚ ਹਰਿਆਣਾ ਦੇ ਮਜ਼ਦੂਰਾਂ ਨੂੰ ਦਿਹਾੜੀ ਤੇ ਟਰੱਕਾਂ ਵਿਚ ਭਰ ਕੇ ਅਤੇ ਸਿਰ ਤੇ ਪਟਕੇ ਲਪੇਟ ਕੇ ਸੰਮੇਲਨ ਸਥਾਨ ਤੇ ਜਬਰਦਸਤੀ ਬੈਠਾ ਦਿੱਤਾ ਗਿਆ ਅਤੇ ਭਾਰੀ ਭੀੜ ਦਿਖਾਉਣ ਦਾ ਅਸਫਲ ਯਤਨ ਕੀਤਾ ਗਿਆ ਜਦਕਿ ਉਹ ਬੀੜੀਆਂ ਪੀਂਦੇ ਤੇ ਖੈਨੀਆਂ ਖਾਂਦੇ ਟੈਲੀਵਿਯਨ ਤੇ ਸਪਸ਼ਟ ਨਜ਼ਰ ਆ ਰਹੇ ਸਨ। ਇਸ ਸਮੇਂ ਸਾਨੂੰ ਸਭ ਤੋਂ ਪਹਿਲਾਂ 'ਸਹਿਜਧਾਰੀ' ਸਿੱਖ ਦੀ ਪ੍ਰੀਭਾਸ਼ਾ ਜਾਣਨੀ ਬਹੁਤ ਜ਼ਰੂਰੀ ਹੋ ਗਈ ਹੈ। "ਸਹਿਜਧਾਰੀ ਸਿੱਖ' ਉਹ ਵਿਅਕਤੀ ਹੈ ਜੋ ਪੂਰਨ ਰੂਪ ਵਿਚ ਦਸ ਗੁਰੂਸਾਹਿਬਾਨ ਅਤੇ ਗੁਰੂਗ੍ਰੰਥ ਸਾਹਿਬ ਤੇ ਪੂਰਨ ਵਿਸ਼ਵਾਸ ਰਖਦੇ ਹੋਣ ਅਤੇ ਸਿੱਖ ਸਿਧਾਤਾਂ ਦੇ ਅਨੁਸਾਰ ਮੂਰਤੀ ਪੂਜਾ, ਦੇਵੀ-ਦੇਵਤੇ ਅਤੇ ਕਰਮ-ਕਾਡਾਂ ਨੂੰ ਨਾ ਮੰਨ ਕੇ ਸਿਰਫ ਸਰਬ ਸਕਤੀਮਾਨ ਅਕਾਲ ਪੁਰਖ (ਪਾਰਬ੍ਰਹਮ ਪਰਮੇਸ਼ਵਰ) ਤੇ ਪੂਰੀ ਸ਼ਰਧਾ ਤੇ ਵਿਸ਼ਵਾਸ ਰੱਖਦਾ ਹੋਵੇ ਅਤੇ ਜਿਸਨੇ ਇਹ ਪ੍ਰਤਿਗਿਆ ਕੀਤੀ ਹੋਵੇ ਕਿ ਮੈਂ ਹੌਲੀ-ਹੌਲੀ ਪੂਰਨ ਸਿੱਖੀ ਸਰੂਪ ਧਾਰਣ ਕਰਾਂਗਾ ਅਥਵਾ ਆਪਣੀ ਅਗਲੀ ਪੀੜੀ ਨੂੰ ਕੇਸਾਧਾਰੀ ਸਿੱਖ ਬਣਾ ਕੇ ਅੰਮ੍ਰਿਤ ਧਾਰਨ ਕਰਵਾਵਾਂ ਗਾ। ਉਹੀ ਸਹਿਜਧਾਰੀ ਸਿੱਖ ਹੈ। ਸਿੱਖ ਪੰਥ ਨੂੰ ਆਪਣੇ ਸਹਿਜਧਾਰੀ ਸਿੱਖਾਂ ਤੇ ਮਾਣ ਹੈ। ਇਨ੍ਹਾਂ ਸਹਿਜ-ਧਾਰੀਆਂ ਨੇ ਸਮੇਂ-ਸਮੇਂ ਅਥਵਾ ਸੰਕਟ ਕਾਲ ਵਿਚ ਹਰ ਪ੍ਰਕਾਰ ਨਾਲ ਪੰਥ ਦੀ ਸਹਾਇਤ ਕੀਤੀ ਹੈ ਅਤੇ ਪੰਥ ਨੂੰ ਕਦੇ ਨੀਵਾਂ ਨਹੀਂ ਹੋਣ ਦਿੱਤਾ ਮੌਕਾ ਮਿਲਣ ਤੇ ਉਨ੍ਹਾਂ ਆਪਣੇ ਪਰਿਵਾਰਾਂ ਵਿਚ ਬਹੁਤ ਸਾਰੇ ਨੌਜੁਆਨਾ ਨੂੰ ਕੇਸਧਾਰੀ ਸਿੰਘ ਸਜਾਇਆ ਅਤੇ ਸ਼ਹੀਦ ਹੋ ਗਏ। ਇਹ

ਵਧੇਗਾ ਹੀ ਅਤੇ ਗਰੀਬਾਂ ਦਾ ਸ਼ੋਸ਼ਣ ਵਧਦਾ ਜਾਵੇਗਾ। ਜਿਸਦੇ ਨਤੀਜੇ ਵਲੋਂ ਉਗਰਵਾਦ ਅਤੇ ਆਤੰਕਵਾਦ ਹੀ ਪੈਦਾ ਹੋਣਗੇ।

ਉਦਾਹਰਣ ਦੇ ਲਈ ਤੁਹਾਡੇ ਸਾਹਮਣੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇੱਕ ਦ੍ਰਿਸ਼ ਪੇਸ਼ ਕਰਨਾ ਚਾਹੁੰਦਾ ਹਾਂ। ਪਿਛਲੇ ਦਿਨਾਂ ਦੀ ਗੱਲ ਹੈ ਦਿੱਲੀ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋ ਰਹੀਆਂ ਸਨ। ਉਸ ਵੇਲੇ ਇੱਕ ਪੱਖ ਦੇ ਉਮੀਦਵਾਰਾਂ ਨੇ ਗੁਰਮਤਿ ਵਿਰੋਧੀ ਆਚਰਣ ਅਪਣਾਇਆ ਅਤੇ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਉਨ੍ਹਾਂ ਨੂੰ ਸ਼ਰੇਆਮ ਸ਼ਰਾਬ ਵਰਤਾਈ, ਜੋ ਕਿ ਧਰਮ ਦੇ ਨਾਂ ਤੇ ਕਲੰਕ ਹੈ। ਜਦੋਂ ਉਹ ਗਲਤ ਅਥਵਾ ਜਾਲ੍ਹੀ (ਨਕਲੀ) ਵੋਟਰਾਂ ਦੀਆਂ ਸੂਚੀਆਂ ਦੇ ਜ਼ੋਰ ਤੇ ਚੋਣਾਂ ਜਿੱਤ ਗਏ ਤਾਂ ਉਨ੍ਹਾਂ ਨੇ ਗੁਰੂਦੀ ਗੋਲਕ ਵਿਚ ਘੁਟਾਲੇ ਕੀਤੇ, ਉਹ ਇਥੋਂ ਤੱਕ ਗਿਰ ਗਏ ਕਿ ਗੁਰੂਘਰ ਦੀ ਸੰਪਤੀ ਤੇ ਅਵੈਧ ਕਬਜ਼ਾ ਕਰ ਲਿਆ। ਜਦੋਂ ਵਿਰੋਧੀ ਧਿਰ ਨੇ ਉਨ੍ਹਾਂ ਦੀਆਂ ਕਰਤੂਤਾਂ ਤੋਂ ਪਰਦਾ ਹਟਾਇਆ ਤਾਂ ਬਹੁਤ ਮੁਸ਼ਕਿਲ ਨਾਲ ਉਹ ਇਮਾਰਤਾਂ ਵਾਪਸ ਲਈਆਂ ਗਈਆਂ , ਜਿਨ੍ਹਾਂ ਨੂੰ ਵੇਚ ਕੇ ਉਹ ਸਦਾ ਲਈ ਖਤਮ ਕਰਨ ਦੀ ਸਾਜ਼ਿਸ ਰਚ ਰਹੇ ਸਨ।

ਸ਼ਹਿਦ ਤੁਹਾਨੂੰ ਸ਼ਾਇਦ ਯਾਦ ਹੋਵੇਗਾ ਭਾਰਤ ਦੀ ਰਾਜਨੀਤੀ ਵਿਚ ਇੱਕ ਅਜਿਹਾ ਸਮਾਂ ਵੀ ਆਇਆ ਸੀ ਜਦ ਸੰਕਟਕਾਲ ਘੋਸ਼ਣਾ ਦੇ ਵਿਰੁੱਧ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਮੋਰਚਾ ਲਾ ਕੇ ਅੰਦੋਲਨ ਚਲਾਇਆ ਸੀ। ਦੂਜੇ ਰਾਜਨੀਤਕ ਦਲ ਤਾਂ ਹਾਰ ਕੇ ਅੰਦੋਲਨ ਛੱਡ ਕੇ ਭੱਜ ਗਏ ਪਰ ਸਫਲਤਾ ਸਿਰਫ SGPC ਤੇ ਸਹਿਯੋਗੀ ਦਲ ਅਕਾਲੀ ਪਾਰਟੀ ਨੂੰ ਮਿਲੀ। ਇਸ ਰਾਹ ਤੇ ਕੇਂਦਰ ਬੌਖਲਾ ਉਠਿਆ ਤੇ ਉਨ੍ਹਾਂ ਨੇ ਸਾਜ਼ਿਸ ਤਹਿਤ ਇਕ ਯੋਜਨਾ ਬਣਾਈ ਤੇ SGPC ਤੇ ਨਜ਼ਾਇਜ਼ ਕਬਜ਼ਾ ਕਰਨ ਦੀ ਠਾਣ ਲਈ। ਇਸ ਯੋਜਨਾ ਦੇ ਅੰਤਰਗਤ ਤਤਕਾਲੀਨ ਕੇਂਦਰੀ ਗ੍ਰਹਿ ਮੰਤਰੀ ਸਰਦਾਰ ਜ਼ੈਲ ਸਿੰਘ ਚੰਡੀਗੜ੍ਹ ਆਏ ਅਤੇ ਉਨ੍ਹਾਂ ਦੇ ਕੁਝ ਗਿਣਤੀ ਦੇ ਸਿੱਖਾਂ ਨੂੰ ਇੱਕ ਹੋਟਲ ਵਿਚ ਸੱਦਾ ਦੇ ਕੇ ਉਥੇ ਦਲ ਖਾਲਸਾ ਸੰਗਠਨ ਦੀ ਆਧਾਰਸ਼ਿਲਾ ਰੱਖੀ ਅਤੇ ਉਸਨੂੰ ਕੇਂਦਰ ਸਰਕਾਰ ਵਲੋਂ SGPC ਦੀਆਂ ਚੋਣਾਂ ਜਿੱਤਣ ਦੇ ਲਈ ਆਰਥਿਕ ਅਤੇ ਦੂਜੀ ਤਰ੍ਹਾਂ ਦੀਆਂ ਸਹਾਇਤਾ ਦਿੱਤੀਆਂ। ਇਸ ਭੈੜੀ ਚਾਲ ਵਿਚ ਕੇਂਦਰ ਸਰਕਾਰ ਦਾ ਮੁੱਖ ਉਦੇਸ਼ ਸੀ ਕਿ ਜਿਸ ਤਰ੍ਹਾਂ ਅੰਗਰੇਜ਼ ਸਰਕਾਰ ਗੁਰਦੁਆਰਾ ਐਕਟ ਬਣਾਉਣ ਤੋਂ ਪਹਿਲਾਂ ਸਿੱਖਾਂ ਦੇ ਲਈ ਆਪਣਾ ਪ੍ਰਤੀਨਿਧੀ ਨਿਯੁਕਤ ਕਰਕੇ ਉਨ੍ਹਾਂ ਨੂੰ ਆਪਣੇ ਕਾਬੂਵਿਚ ਰਖਦੀ ਸੀ। ਠੀਕ ਉਸੇ ਤਰ੍ਹਾਂ ਆਪਣੀ ਕਠਪੁਤਲੀ SGPC ਦੀ ਚੋਣ ਕਰਵਾ ਕੇ ਅਕਾਲੀ ਦਲ ਅਤੇ ਸੁਤੰਤਰ ਵਿਚਾਰਧਾਰਾ ਵਾਲੇ ਸਿੱਖਾਂ ਨੂੰ ਕਾਬੂਵਿਚ ਰੱਖ ਸੇਕਗੀ ਇਸ ਪ੍ਰਕਾਰ ਉਨ੍ਹਾਂ ਤੋਂ ਅਗਵਾਈ ਕਰਨ ਦੀ ਤਾਕਤ ਅਤੇ (ਗੋਲਕ) ਮਾਇਆ ਦੀ ਤਾਕਤ ਦੋਵੇਂ ਹੀ ਖੋਹ ਕੇ ਕੇਂਦਰ ਦੇ ਕੋਲ ਉਸਦੀਆਂ ਕਠਪੁਤਲੀਆਂ ਰਾਹੀਂ ਪਹੁੰਚ ਜਾਵੇਗੀ। ਪਰ ਅਜਿਹਾ ਸੰਭਵ ਨਹੀਂ ਹੋਇਆ ਕਿਉਂਕਿ ਪੰਜਾਬ ਦੇ ਪੇਂਡੂਇਲਾਕਿਆਂ ਵਿਚ ਸਿੱਖਾਂ ਦਾ ਵਿਸ਼ਵਾਸ਼ ਸੀ ਕਿ ਭਾਵੇਂ ਰਾਜਨੀਤਕ ਰੂਪ ਵਿਚ ਅਸੀ ਅਕਾਲੀ ਦਲ ਨੂੰ ਆਪਣਾ ਵੋਟ ਨਾ ਦੇਈਏ

ਲੋਕ ਸਿੰਘਾਂ ਦੀ ਥਾਂ ਆਪਣੇ ਪੁਤਰਾਂ ਨੂੰ ਯੋਧਿਆਂ ਦੇ ਰੂਪ ਵਿਚ ਭੇਜ ਕੇ ਕਮੀ ਪੂਰੀ ਕਰਦੇ ਰਹੇ ਅਤੇ ਇਸ ਤਰ੍ਹਾਂ ਇਹ ਕਾਰਵਾਂ ਅੱਗੇ ਵੱਧਦਾ ਚਲਿਆ ਆ ਰਿਹਾ ਹੈ। ਅੱਜ ਸਾਨੂੰ ਇਨ੍ਹਾਂ ਸਹਿਜਧਾਰੀ ਸਿੱਖਾਂ ਨੂੰ SGPC ਦੀ ਚੋਣਾਂ ਵਿਚ ਆਪਣੀ ਵੋਟ ਦਾ ਅਧਿਕਾਰ ਦੇ ਕੇ ਬਹੁਤ ਪ੍ਰਸੰਨਤਾ ਹੁੰਦੀ ਹੈ। ਪਰ ਹੁਣ ਵੇਖਣਾ ਇਹ ਹੈ ਕਿ ਜਿਨ੍ਹਾਂ ਲੋਕਾਂ ਨੂੰ ਵੋਟਰ-ਸੂਚੀਆਂ ਵਿਚ ਸ਼ਾਮਿਲ ਕੀਤਾ ਜਾ ਰਿਹਾ ਹੈ, ਕੀ ਉਹ ਅਸਲ ਵਿਚ ਸਹਿਜਧਾਰੀ ਸਿੱਖ ਹਨ ਜਾਂ ਉਹ ਬਹੁਰੂਪੀਏ ਲੋਕ ਜਿਹੜੇ ਰਾਜਨੀਤਕ ਕਾਰਣਾਂ ਕਰਕੇ ਸਾਡੀ ਚੋਣ ਪ੍ਰਣਾਲੀ ਰਾਹੀਂ ਵੋਟ ਦੇ ਜ਼ੋਰ ਤੇ ਦਖਲ ਅੰਦਾਜ਼ੀ ਕਰਕੇ ਸਰਕਾਰ ਅਤੇ RSS ਦਾ ਪੱਖ ਤਾ ਨਹੀਂ ਪੂਰ ਰਹੇ?

## ਨਤੀਜਾ

ਹਰ ਚਮਕਣ ਵਾਲੀ ਚੀਜ਼ ਸੋਨਾ ਨਹੀਂ ਹੁੰਦੀ। ਇਸ ਲਈ ਜਿਹੜੇ ਸਿਧਾਂਤ (ਨਿਯਮ) ਪੜ੍ਹਨ ਅਤੇ ਸੁਣਨ ਵਿਚ ਚੰਗੇ ਜਾਪਦੇ ਹੋਣ, ਜ਼ਰੂਰੀ ਨਹੀ ਕਿ ਅਸਲੀ ਰੂਪ ਵਿਚ ਵੀ ਉਹ ਵਧੀਆ ਹੋਣ। ਉਦਾਹਰਣ ਦੇ ਲਈ, ਤੁਸੀਂ ਇੱਕ ਧਾਰਮਿਕ ਸੰਸਥਾ ਦੀ ਚੋਣ ਕਰਉਂਦੇ ਹੋ ਤਾਂ ਕੁਦਰਤੀ ਹੈ ਕਿ ਉਥੇ ਉਹ ਲੋਕ ਵੀ ਉੱਚੇ ਅਹੁਦਿਆਂ ਤੇ ਬਿਰਾਜਮਾਨ ਹੋਣ ਦੀ ਦੌੜ ਵਿਚ ਆਉਣਗੇ, ਜਿਹੜੇ ਕਿ ਅਯੋਗ ਹਨ। ਫਿਰ ਚੋਣ ਜਿੱਤਣ ਲਈ ਉਹ ਸਭ ਤਰ੍ਹਾਂ ਦੇ ਗਲਤ ਕੰਮ ਵੀ ਕਰਨਗੇ, ਜਿਹੜੇ ਕਿ ਸਾਡੀ ਮਰਯਾਦਾ ਦੇ ਵਿਰੁੱਧ ਹਨ। ਜੇਕਰ ਉਹ ਬਹੁਮਤ ਪ੍ਰਾਪਤ ਕਰ ਗਏ ਤਾਂ ਫਿਰ ਕਲ ਨੂੰ ਉਹ ਲੋਕ ਐਲਾਨ ਕਰ ਦੇਣਗੇ ਕਿ ਹੁਣ ਸ਼ਰਾਬੀਆਂ ਦਾ ਬਹੁ-ਮੱਤ ਹੈ। ਇਸ ਲਈ ਅਸੀ ਸੰਗਤ ਦੇ ਲਈ ਧਾਰਮਿਕ ਪ੍ਰਾਵਧਾਨ। ਆਚਾਰ ਸੰਹਿਤਾ ਵਿਚ ਸੋਧ ਕਰਕੇ ਇਸ ਵਿਚ ਸ਼ਰਾਬ ਵਰਤਾਉਣਾ ਲਾਗੂਕਰ ਦੇਂਦੇ ਹਾਂ, ਤਾਂ ਕੀ ਇਹ (ਰਹਿਤ ਮਰਿਆਦਾਂ) ਸੋਧ ਦੀ ਕਰਤੂਤ ਅਸੀਂ ਮੰਨ ਲਵਾਂਗੇ? ਇਹ ਤਾਂ ਇੱਕ ਉਦਾਹਰਣ ਮਾਤਰ ਹੈ, ਕਲਪਨਾ ਕਰੋ ਜੇ ਬਹੁ-ਰੂਪੀਆਂ ਦੇ ਰੂਪ ਵਿਚ ਉਹ ਸਾਡੀ ਸਰਵ-ਉਚ ਸੰਸਥਾ ਤੇ ਕਬਜ਼ਾ ਕਰ ਲੈਂਦੇ ਹਨ ਅਤੇ ਗੁਰਮਤਿ ਵਿਰੋਧੀ ਕੰਮ ਕਰਨ ਦੇ ਲਈ ਕਾਨੂੰਨ ਤਿਆਰ ਕਰ ਦਿੰਦੇ ਹਨ ਤਾਂ ਅਸੀਂ ਕੀ ਕਰਾਂਗੇ?

**ਲੇਖਕ :**

**ਜਸਬੀਰ ਸਿੰਘ**

**Mob. : 09988160484, 623904 5985**

**Type Setting :**

**Radheshyam Choudhary**

**Mob. : 098149- 66882**